ਨੰਬਰ.੩੧੬੧੭ /ਪਾਰਟ/72/72 ਮਿਤੀ. 27-04-2020

ਵੱਲੋਂ ਨੰਬਰ

ਮੁੱਖ ਇੰਜੀਨੀਅਰ/ਨਹਿਰਾਂ,
ਜੱਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਨਿਗਰਾਨ ਇੰਜੀਨੀਅਰ,
ਅਪਰ ਬਾਰੀ ਦੁਆਬ ਕੈਨਾਲ ਸਰਕਲ,
ਅੰਮ੍ਰਿਤਸਰ।

ਵਿਸ਼ਾ: ਖ੍ਰੀਫ ਸਮੇਂ ਮਿਤੀ 28-04-2020 ਤੋਂ ਮਿਤੀ 28-10-2020 ਦੌਰਾਨ ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।

*******

Apr ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਨੂੰ ਖ੍ਰੀਫ਼ ਸਮੇਂ ਦੌਰਾਨ ਮਿਤੀ 28-04-2020 ਤੋਂ ਮਿਤੀ 28-10-2020 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜ਼ੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਰੇਵੀਨਿਊ ਮੈਨੂਅਲ ਦੇ ਪੈਰਾ 13.13 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਇਸ ਦਾ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਵੀ ਅਪਰ ਬਾਰੀ ਦੁਆਬ ਕੈਨਾਲ ਦੇ ਦੋਹਾਂ ਗਰੁੱਪਾਂ ਦਾ ਇਨਡੈਟ ਵੱਧ ਹੋਵੇ ਤੇ ਪਾਣੀ ਦੀ ਉਪਲੱਭਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ lwgU ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਹਰੇਕ ਰਜਵਾਹੇ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਲਾਗੂ ਕਰਨ ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ, ਜਦੋਂ ਬਰਾਂਚ ਨਹਿਰ ਵਿੱਚ ਪਾਣੀ ਦੀ ਉਪਲੱਭਤਾ ਘੱਟ ਹੋਵੇ ਜਾਂ 'ਇੰਡੈਂਟ' ਮੁਤਾਬਿਕ ਨਾ ਚੱਲਦੀ ਹੋਵੇ। ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਵਾਂ/ਮੁੱਖ ਨਹਿਰਾਂ/ਰਜਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ੍ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2020 ਦੇ ਖ੍ਰੀਫ਼ ਸਮੇਂ ਵਿੱਚ ਪਾਣੀ ਦੀ ਉਪਲੱਭਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

27/04/2020

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

Scanned with CamScanner
Scanned with CamScanner

ਨੰਬਰ.ਚੰ.2.36.spl / 3-ਪਾਰਟ/72/72 ਮਿਤੀ 27-04-2020

ਉਪਰੋਕਤ ਦੀ ਕਾਪੀ, ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜੱਲ ਸਰੋਤ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਦਾਰਾ ਸਟੂਡਿਉ ਦੇ ਸਾਮਨੇ ਫੇਜ 6 ਮੋਹਾਲੀ . ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ, ਗੁਰਦਾਸਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
5. ਕਾਰਜਕਾਰੀ ਇੰਜੀਨੀਅਰ, ਜੰਡਿਆਲਾ ਮੰਡਲ, ਯੂ.ਬੀ.ਡੀ.ਸੀ, ਅੰਮ੍ਰਿਤਸਰ।
6. ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
7.. ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ,ਯੂ.ਬੀ.ਡੀ.ਸੀ, ਅੰਮ੍ਰਿਤਸਰ।
8. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
9. ਡਿਪਟੀ ਕਮਿਸ਼ਨਰ, ਗੁਰਦਾਸਪੁਰ।
10। ਡਿਪਟੀ ਕਮਿਸ਼ਨਰ, ਤਰਨਤਾਰਨ।
11। ਡਿਪਟੀ ਕਮਿਸ਼ਨਰ, ਪਠਾਣਕੋਟ।
12। ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ., ਪੰਜਾਬ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
13. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।
14. ਇੰਚਾਰਜ ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ ।

ਸਹਿਪੱਤਰ/ਉਪਰੋਕਤ ਅਨੁਸਾਰ

27/04/2020
ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਨੋਟ :-ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।

Scanned with CamScanner
Scanned with CamScanner

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਖ਼੍ਰੀਫ ਸਮਾਂ ਮਿਤੀ **28-04-2020** ਤੋਂ ਮਿਤੀ **28-10-2020** ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਕਸੂਰ ਬਰਾਂਚ ਲੋਅਰ ਅਤੇ ਮੇਨ ਲਾਈਨ ਤੱਕ ਦੇ ਰਜਬਾਹੇ (ਗਾਜੀਕੋਟ ਨੂੰ ਛੱਡਕੇ) 1418ਕਿਊਸਿਕਸ () | ਸਭਰਾਓ ਬਰਾਂਚ 1334 ਕਿਊਸਿਕਸ (ਂ) | ਲਹੌਰ ਬਰਾਂਚ, ਧਿਆਨ ਪੂਰਾ, ਅਲੀਵਾਲ ਮਜੀਠਾ, ਕੋਟਲਾ, ਕੋਟ ਕਰਮਚੰਦ, ਖੇੜੀਵਾਲਾ, ਬਰੀਏਵਾਲਾ, ਕੰਜਾਰ,ਬੇਬੇਹਾਲੀ ਾਜਬਾਹੇ 1059 ਕਿਊਸਿਕਸ (ੲ) | ਮੇਨ ਬਰਾਂਚ ਲੋਅਰ, ਫਤਿਹਗੜ੍ਹ,ਰਾਈਆਂ, ਬਿਸਨੀਵਾਲ,ਗਾਜੀਕੋਟ ਰਜਬਾਹੇ 1154 ਕਿਊਸਿਕਸ (ਸ) |
|---|---|---|---|---|---|---|
| | ਤੋ | ਤੱਕ | | | | |
| 1 | 28/04/2020 | 05/05/2020 | 3 | 4 | 1 | 2 |
| 2 | 06/05/2020 | 13/05/2020 | 1 | 2 | 3 | 4 |
| 3 | 14/05/2020 | 21/05/2020 | 4 | 3 | 2 | 1 |
| 4 | 22/05/2020 | 29/05/2020 | 2 | 1 | 4 | 3 |
| 5 | 30/05/2018 | 06/06/2020 | 3 | 4 | 1 | 2 |
| 6 | 07/06/2020 | 14/06/2020 | 1 | 2 | 3 | 4 |
| 7 | 15/06/2020 | 22/06/2020 | 4 | 3 | 2 | 1 |
| 8 | 23/06/2020 | 30/06/2020 | 2 | 1 | 4 | 3 |
| 9 | 01/07/2020 | 08/07/2020 | 3 | 4 | 1 | 2 |
| 10 | 09/07/2020 | 16/07/2020 | 1 | 2 | 3 | 4 |
| 11 | 17/07/2020 | 24/07/2020 | 4 | 3 | 2 | 1 |
| 12 | 25/07/2020 | 01/08/2020 | 2 | 1 | 4 | 3 |
| 13 | 02/08/2020 | 09/08/2020 | 3 | 4 | 1 | 2 |
| 14 | 10/08/2020 | 17/08/2020 | 1 | 2 | 3 | 4 |
| 15 | 18/08/2020 | 25/08/2020 | 4 | 3 | 2 | 1 |
| 16 | 26/08/2020 | 02/09/2020 | 2 | 1 | 4 | 3 |
| 17 | 3/09/2020 | 10/03/2020 | 3 | 4 | 1 | 2 |
| 18 | 11/09/2020 | 18/09/2020 | 1 | 2 | 3 | 4 |
| 19 | 19/09/2020 | 26/09/2020 | 4 | 3 | 2 | 1 |
| 20 | 27/09/2020 | 04/10/2020 | 2 | 1 | 4 | 3 |
| 21 | 05/10/2020 | 12/10/2020 | 3 | 4 | 1 | 2 |
| 22 | 13/10/2020 | 20/10/2020 | 1 | 2 | 3 | 4 |
| 23 | 21/10/2020 | 28/10/2020 | 4 | 3 | 2 | 1 |

ਨੋਟ: 1. ਉਪਰੋਕਤ ਵਾਰੀ ਬੰਦੀ ਪ੍ਰੋਗਰਾਮ ਰਣਜੀਤ ਸਾਗਰ ਡੈਮ ਵਿੱਚ ਪਾਣੀ ਦੀ ਉਪਲੱਭਤਾ ਤੇ ਨਿਰਭਰ ਕਰਦਾ ਹੈ।

2. ਨਿਗਰਾਨ ਇੰਜੀਨੀਅਰ, ਅਪਰਬਾਰੀ ਦੁਆਬ ਕੈਨਾਲ ਸਰਕਲ, ਅੰਮ੍ਰਿਤਸਰ ਕਿਸੇ ਸਮੇਂ ਬਿਨਾਂ ਕਿਸੇ ਨੋਟਿਸ ਦਿੱਤੇ ਇਸ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ।

3. ਮੇਨ ਬਰਾਂਚ ਲੋਅਰ, ਦਿਵਾਲੀ ਅਤੇ ਵਿਸਾਖੀ ਤੋਂ ਪਹਿਲਾਂ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਸਰੋਵਰ ਵਾਸਤੇ ਪਹਿਲੀ ਅਤੇ ਦੂਜੀ ਤਰਜੀਹ ਤੇ ਚੱਲੇਗੀ।

| ਪਹਿਲਾਂ ਗਰੁੱਪ | | ਦੂਜਾ ਗਰੁੱਪ | |
|---|---|---|---|
| (ੳ) | 1418 ਕਿਊਸਿਕਸ | (ੲ) | 1059 ਕਿਊਸਿਕਸ |
| (ਅ) | 1334 ਕਿਊਸਿਕਸ | (ਸ) | 1154 ਕਿਊਸਿਕਸ |

Scanned with CamScanner

Scanned with CamScanner